ਵੱਲ

ਜਿਲ੍ਹਾ ਸਿੱਖਿਆ ਅਫਸਰ(ਸੈ.ਸਿ)

ਬਠਿੰਡਾ

ਪੱਤਰ ਨੰ : 5255 ਮਿਤੀ 10-04-2026

ਵਿਸ਼ਾ:- ਅਧਿਆਪਕਾਂ/ ਕਰਮਚਾਰੀਆਂ ਦੀ ਚੋਣਾ ਦੇ ਸਬੰਧ ਵਿਚ ਲਗਾਈ ਗਈ ਡਿਊਟੀ ਸਬੰਧੀ।

ਹਵਾਲਾ:- ਆਪ ਦੇ ਦਫਤਰ ਦੇ ਪੱਤਰ ਨੰ 2026/22 ਮਿਤੀ 07-04-2026 ਦੇ ਸਬੰਧ ਵਿਚ

ਉਪਰੋਕਤ ਵਿਸ਼ੇ ਦੇ ਸਬੰਧ ਵਿਚ ਹਵਾਲਾ ਅਧੀਨ ਪੱਤਰ ਰਾਹੀ ਆਪ ਦੇ ਦਫਤਰ ਵੱਲੋ ਜਿਹੜੇ ਅਧਿਆਪਕਾਂ/ ਕਰਮਚਾਰੀਆ ਦੀ ਡਿਊਟੀ ਗੈਰ ਵਿਦਿਅਕ ਦੇ ਕੰਮ ਵਿਚ ਲੱਗੀ ਹੋਈ ਹੈ, ਨੂੰ ਸਵੇਰੇ 08 ਵਜੇ ਤੋ 11 ਵਜੇ ਤੱਕ ਸਕੂਲ ਵਿਖੇ ਹਾਜਰ ਆਉਣ ਲਈ ਲਿਖਿਆ ਗਿਆ ਹੈ।

ਇਸ ਸਬੰਧੀ ਆਪ ਨੂੰ ਲਿਖਿਆ ਜਾਦਾ ਹੈ ਕਿ ਮਾਨਯੋਗ ਭਾਰਤ ਚੋਣ ਕਮਿਸ਼ਨ ਦੀਆਂ ਹਦਾਇਤਾਂ ਅਨੁਸਾਰ ਅਤੇ ਮਾਨਯੋਗ ਮੁੱਖ ਚੋਣ ਅਫਸਰ, ਪੰਜਾਬ ਜੀ ਦੀ ਅਗਵਾਈ ਹੇਠ ਲੋਕ ਪ੍ਰਤੀਨਿਧਤਾ ਐਕਟ 1950 ਦੀ ਧਾਰਾ 32 ਅਧੀਨ PRE SIR 2026 ਦਾ ਅਹਿਮ ਕੰਮ ਮਿਤੀ ਬੱਧ ਚੱਲ ਰਿਹਾ ਹੈ ਅਤੇ ਬੀ.ਐਲ.ਓਜ ਵਲੋ ਘਰ ਘਰ ਜਾ ਕੇ ਵੋਟਰਾਂ ਨੂੰ ਐਸ.ਆਈ.ਆਰ 2003 ਨਾਲ ਮੈਪ ਕੀਤਾ ਜਾ ਰਿਹਾ ਹੈ । ਇਸ ਲਈ 094 ਤਲਵੰਡੀ ਸਾਬੋ ਵਿਧਾਨ ਸਭਾ ਹਲਕਾ ਅਧੀਨ ਡਿਊਟੀ ਨਿਭਾ ਰਹੇ ਸੁਪਰਵਾਈਜਰ/ਬੀ.ਐਲ.ਓ ਅਤੇ ਚੋਣ ਸੈਲ ਵਿਚ ਡਿਊਟੀ ਨਿਭਾ ਰਹੇ ਕਰਮਚਾਰੀ ਆਪਣੀ ਚੋਣ ਡਿਊਟੀ ਤੇ ਲਗਾਤਾਰ ਹਾਜਰ ਰਹਿਣਗੇ। ਉਨ੍ਹਾ ਨੂੰ ਦਫਤਰ ਜਾਂ ਕਿਸੇ ਹੋਰ ਕੰਮ ਲਈ ਪਾਬੰਦ ਕਰਨ ਤੋ ਗੁਰੇਜ ਕੀਤਾ ਜਾਵੇ।

ਚੋਣਕਾਰ ਰਜਿਸਟਰੇਸ਼ਨ ਅਫਸਰ
ਕਮ-ਉਪ ਮੰਡਲ ਮੈਜਿਸਟਰੇਟ
94 ਤਲਵੰਡੀ ਸਾਬੋ

ਪਿੱਠ ਅੰਕਣ ਨੰ 5256-58 ਚੋਣਾ ਮਿਤੀ 10-04-2026

ਇਸ ਦਾ ਉਤਾਰਾ

1. ਜਿਲ੍ਹਾ ਚੋਣ ਅਫਸਰ, ਬਠਿੰਡਾ ਜੀ ਪਾਸ ਸੂਚਨਾ ਹਿੱਤ ਭੇਜਿਆ ਜਾਦਾ ਹੈ
2. ਸਮੂਹ ਸੁਪਰਵਾਈਜਰ ਅਤੇ ਬੀ.ਐਲ.ਓਜ ਨੂੰ ਪਾਸ ਭੇਜ ਕੇ ਹਦਾਇਤ ਕੀਤੀ ਜਾਦੀ ਹੈ ਕਿ ਐਸ.ਆਈ.ਆਰ ਸਬੰਧੀ ਕੰਮ ਲਈ ਪਹਿਲਾ ਵਾਲੇ ਜਾਰੀ ਕੀਤੇ ਪੱਤਰ ਮੁਤਾਬਕ ਫੀਲਡ ਵਿਚ ਰਹਿ ਕੇ ਕੰਮ ਜਾਰੀ ਰੱਖਿਆ ਜਾਵੇ।
3. ਚੋਣ ਸੈਲ 94 ਤਲਵੰਡੀ ਸਾਬੋ ਵਿਚ ਕੰਮ ਕਰਦੇ ਸਿੱਖਿਆ ਵਿਭਾਗ ਦੇ ਸਮੂਹ ਕਰਮਚਾਰੀਆਂ ਪਾਸ ਭੇਜ ਕੇ ਲਿਖਿਆ ਜਾਦਾ ਹੈ ਕਿ ਇਸ ਦਫਤਰ ਵਿਖੇ ਲਗਾਈ ਗਈ ਡਿਊਟੀ ਤੇ ਹਾਜ਼ਰ ਰਹਿਣਾ ਯਕੀਨੀ ਬਣਾਇਆ ਜਾਵੇ।

ਚੋਣਕਾਰ ਰਜਿਸਟਰੇਸ਼ਨ ਅਫਸਰ
ਕਮ-ਉਪ ਮੰਡਲ ਮੈਜਿਸਟਰੇਟ
94 ਤਲਵੰਡੀ ਸਾਬੋ

**ਦਫਤਰ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ)ਬਠਿੰਡਾ**

ਪਿਠ ਅੰਕਣ ਨੰ ਜੀ-1/1 ( )2026/ 8017 ਮਿਤੀ: 10-04-26

ਉਪਰੋਕਤ ਦਾ ਉਤਾਰਾ ਸਮੂਹ ਸਕੂਲ ਮੁਖੀਆਂ ਨੂੰ (ਤਲਵੰਡੀ ਸਾਬੋ) ਭੇਜਕੇ ਲਿਖਿਆ ਜਾਂਦਾ ਹੈ ਕਿ ਉਕਤ ਅਨੁਸਾਰ ਦਰਜ ਹਦਾਇਤਾਂ ਦੀ ਪਾਲਣਾ ਕਰਨੀ ਯਕੀਨੀ ਬਣਾਈ ਜਾਵੇ ।

ਜਿਲ੍ਹਾ ਸਿੱਖਿਆ ਅਫਸਰ(ਸੈ.ਸਿ)
ਬਠਿੰਡਾ